# ਪੀ ਏ ਯੂ ਦੀ ਕਿਸਾਨਾਂ ਨੂੰ ਕਣਕ ਦੀ ਸਮੇਂ ਸਿਰ ਬਿਜਾਈ, ਸਹੀ ਕਿਸਮ ਦੀ ਚੋਣ ਦੀ ਸਲਾਹ

ਪੰਜਾਬ ਵਿੱਚ ਕਣਕ ਦੀ ਬਿਜਾਈ ਸ਼ੁਰੂ ਹੋ ਗਈ ਹੈ। ਇਸ ਬਾਰੇ ਕਿਸਾਨਾਂ ਨੂੰ ਸਿਫ਼ਾਰਿਸ਼ ਕਰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਦੇ ਫ਼ਸਲ ਵਿਗਿਆਨ ਵਿਭਾਗ ਦੇ ਮੁਖੀ ਮੱਖਣ ਸਿੰਘ ਭੁੱਲਰ ਨੇ ਕਿਹਾ ਕਿ ਕਣਕ ਦੀ ਫ਼ਸਲ ਨੂੰ ਸ਼ੁਰੂਆਤੀ ਪੜਾਵਾਂ ਦੌਰਾਨ ਘੱਟ ਨਮੀ ਦੇ ਨਾਲ ਘੱਟ ਤਾਪਮਾਨ (ਵੱਧ ਤੋਂ ਵੱਧ ਤਾਪਮਾਨ 15-22 ਡਿਗਰੀ ਸੈਲਸੀਅਸ ਅਤੇ ਘੱਟੋ-ਘੱਟ ਤਾਪਮਾਨ 4-11 ਡਿਗਰੀ ਸੈਲਸੀਅਸ) ਦੀ ਲੋੜ ਹੁੰਦੀ ਹੈ ਜਿਸ ਦੇ ਨਤੀਜੇ ਵਜੋਂ ਕਣਕ ਵਧੀਆ ਜਾੜ ਮਾਰਦੀ ਹੈ।

ਕਣਕ ਦੀ ਬਿਜਾਈ ਦਾ ਸਭ ਤੋਂ ਢੁੱਕਵਾਂ ਸਮਾਂ ਨਵੰਬਰ ਦਾ ਪਹਿਲਾ ਪੰਦਰਵਾੜਾ ਹੁੰਦਾ ਹੈ। ਪਿਛੇਤੀ ਬਿਜਾਈ ਕਣਕ ਦਾ ਝਾੜ 1.5 ਕੁਇੰਟਲ ਪ੍ਰਤੀ ਏਕੜ ਪ੍ਰਤੀ ਹਫ਼ਤਾ ਘਟਾ ਦਿੰਦੀ ਹੈ। ਸਹੀ ਕਿਸਮ ਦੀ ਚੋਣ ਬਿਜਾਈ ਦੇ ਸਮੇਂ ਜਿੰਨੀ ਹੀ ਮਹੱਤਵਪੂਰਨ ਹੈ।

ਉਦਾਹਰਨ ਲਈ, ਲੰਮਾ ਸਮਾਂ ਲੈਣ ਵਾਲੀਆਂ ਕਣਕ ਦੀਆਂ ਕਿਸਮਾਂ ਜਿਵੇਂ ਕਿ ਪੀਬੀਡਬਲਯੂ 869, ਪੀਬੀਡਬਲਯੂ 824, ਸੁਨਿਹਰੀ (ਪੀਬੀਡਬਲਯੂ 766), ਪੀਬੀਡਬਲਯੂ 725, ਪੀਬੀਡਬਲਯੂ 677, ਉੱਨਤ ਪੀਬੀਡਬਲਯੂ 343, ਪੀਬੀਡਬਲਯੂ ਜ਼ਿੰਕ 2, ਪੀਬੀਡਬਲਯੂ 1 ਚਪਾਤੀ, ਪੀਬੀਡਬਲਯੂ ਜ਼ਿੰਕ 1, ਪੀਬੀਡਬਲਯੂ 1 ਚਪਾਤੀ, ਡੀਬੀ ਡਬਲਯੂ 187 ਅਤੇ ਐਚਡੀ 3226 ਦੀ ਬਿਜਾਈ 25 ਅਕਤੂਬਰ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ।

ਭੁੱਲਰ ਨੇ ਕਿਹਾ ਪੀਬੀਡਬਲਯੂ 826 ਅਤੇ ਪੀਬੀਡਬਲਯੂ 803 ਕਿਸਮਾਂ ਦੀ ਬਿਜਾਈ 1 ਨਵੰਬਰ ਤੋਂ ਸ਼ੁਰੂ ਕੀਤੀ ਜਾਵੇ ਤਾਂ ਜੋ ਵਧੀਆ ਝਾੜ ਪ੍ਰਾਪਤ ਕੀਤਾ ਜਾ ਸਕੇ।

ਉਨ੍ਹਾਂ ਨੇ ਕਿਹਾ ਜਿੱਥੇ ਕਣਕ ਦੀ ਬਿਜਾਈ ਹੈਪੀ ਸੀਡਰ ਜਾਂ ਸਮਾਰਟ ਸੀਡਰ ਨਾਲ ਕੀਤੀ ਜਾਂਦੀ ਹੈ ਅਤੇ ਝੋਨੇ ਦੀ ਪਰਾਲੀ ਨੂੰ ਸੜ੍ਹਾ ਤੇ ਰੱਖਿਆ ਜਾਂਦਾ ਹੈ, ਉਨ੍ਹਾਂ ਹਾਲਾਤ ਲਈ ਪੀਬੀਡਬਲਯੂ 869 ਸਭ ਤੋਂ ਢੁੱਕਵੀਂ ਕਿਸਮ ਹੈ।

ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਪੀਬੀਡਬਲਯੂ ਆਰ ਐਸ 1 ਅਤੇ ਉੱਨਤ ਪੀਬੀਡਬਲਯੂ 550 ਦੀ ਬਿਜਾਈ ਨਵੰਬਰ ਦੇ ਦੂਜੇ ਹਫ਼ਤੇ ਸ਼ੁਰੂ ਹੋਣੀ ਚਾਹੀਦੀ ਹੈ। ਜੇਕਰ ਪੀਬੀਡਬਲਯੂ ਆਰ ਐਸ 1 ਅਤੇ ਉੱਨਤ ਪੀਬੀਡਬਲਯੂ 550 ਦੀ ਬਿਜਾਈ ਅਗੇਤੀ ਕੀਤੀ ਜਾਂਦੀ ਹੈ ਅਤੇ ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕੋਰਾ ਪੈ ਜਾਵੇ ਹੈ ਤਾਂ ਇਹਨਾਂ ਕਿਸਮਾਂ ਦਾ ਝਾੜ ਘਟ ਸਕਦਾ ਹੈ। ਇਸ ਲਈ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਣਕ ਦਾ ਵੱਧ ਤੋਂ ਵੱਧ ਝਾੜ ਲੈਣ ਲਈ ਸਹੀ ਕਿਸਮ ਦੀ ਚੋਣ ਕਰਕੇ ਬਿਜਾਈ 15 ਨਵੰਬਰ ਤੱਕ ਮੁਕੰਮਲ ਕਰ ਲੈਣ।